ਅਸੈਬਲੀ ਲੀਡ ਕਮ ਉਪ ਮੰਡਲ ਮੈਜਿਸਟਰੇਟ ਮੌੜ (ਬਠਿੰਡਾ)

ਵੱਲ :

ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ./ਐ.ਸਿ.)
ਬਠਿੰਡਾ

ਪੱਤਰ ਨੰ : 165/2026 ਮਿਤੀ : 11/06/2026

ਵਿਸ਼ਾ : ਸੋਸਿਓ ਇਕਨਾਮਿਕਸ ਡਰੱਗਜ਼ ਜਨਗਣਨਾ 2026 ਦੇ ਅਧੀਨ ਸੈਸਜ਼ ਡਿਊਟੀ ਸੰਬੰਧੀ।

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪ ਦੇ ਵਿਭਾਗ ਦੇ ਇਸ ਪੱਤਰ ਨਾਲ ਨੱਥੀ ਲਿਸਟ ਵਿੱਚ ਦਰਜ ਕਰਮਚਾਰੀਆਂ ਦੀ ਡਿਊਟੀ ਸੋਸਿਓ ਇਕਨਾਮਿਕਸ ਡਰੱਗਜ਼ ਜਨਗਣਨਾ 2026 ਵਿੱਚ ਵਿਧਾਨ ਸਭਾ ਚੋਣ ਹਲਕਾ ਮੌੜ ਵਿਖੇ ਬਤੌਰ ਗਿਣਤੀਕਾਰ ਲਗਾਈ ਜਾਂਦੀ ਹੈ। ਇਸ ਲਈ ਇਹਨਾਂ ਕਰਮਚਾਰੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਪੱਤਰ ਵਿੱਚ ਦਰਜ ਲਿੰਕ https://onboarding.globalsurveyecosystem.com/ ਤੇ ਕਲਿੱਕ ਕਰਕੇ ਮੰਗੀ ਗਈ ਜਾਣਕਾਰੀ ਸਾਂਝੀ ਕਰਨ ਉਪਰੰਤ ਲੋੜੀਦੇ ਦਸਤਾਵੇਜ਼ ਜਿਵੇ ਕਿ ਉਚ ਵਿਦਿਅਕ ਸਰਟੀਫਿਕੇਟ, ਵਿਭਾਗੀ ਆਈ.ਡੀ. ਕਾਰਡ, ਫੋਟੋ ਅਪਲੋਡ ਕਰਕੇ ਆਪਣਾ Enumerator ID ਬਣਾਉਣਾ ਯਕੀਨੀ ਬਣਾਉਣ ਅਤੇ ਇਹ ਵੀ ਹਦਾਇਤ ਕੀਤੀ ਜਾਵੇ ਕਿ ਨਾਲ ਨੱਥੀ ਲਿਸਟ ਵਿੱਚ ਦਰਜ ਕਰਮਚਾਰੀ ਹੇਠ ਲਿਖੇ ਸਡਿਊਲ ਮੁਤਾਬਿਕ ਮਿਤੀ 12-06-2026 ਨੂੰ ਆਪਣਾ ਉਚ ਵਿਦਿਅਕ ਸਰਟੀਫਿਕੇਟ, ਵਿਭਾਗੀ ਆਈ.ਡੀ. ਕਾਰਡ, ਆਧਾਰ ਕਾਰਡ ਦੀ ਕਾਪੀ ਅਤੇ 2 ਪਾਸਪੋਰਟ ਸਾਇਜ ਫੋਟੋਆਂ ਨਾਲ ਲੈ ਕੇ ਕਾਨਫਰੈਂਸ ਹਾਲ, ਪਹਿਲੀ ਮੰਜਿਲ, ਉਪ ਮੰਡਲ ਮੈਜਿਸਟਰੇਟ, ਮੌੜ ਮੰਡੀ ਵਿਖੇ ਹਾਜਰ ਹੋਣਾ ਯਕੀਨੀ ਬਣਾਉਣ। ਸਬੰਧਿਤ ਕਰਮਚਾਰੀਆਂ ਦੇ ਨਿਰਧਾਰਿਤ ਮਿਤੀ ਤੇ ਹਾਜਰ ਨਾ ਹੋਣ ਦੀ ਸੂਰਤ ਵਿੱਚ ਉਨ੍ਹਾਂ ਵਿਰੁੱਧ ਅਨੁਸਾਸ਼ਨੀ ਕਾਰਵਾਈ ਆਰੰਭ ਕਰਨ ਹਿੱਤ ਉਚ ਅਧਿਕਾਰੀਆਂ ਨੂੰ ਲਿਖ ਦਿੱਤਾ ਜਾਵੇਗਾ।

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ।

ਟ੍ਰੇਨਿੰਗ ਸਡਿਊਲ

ਲੜੀ ਨੰ	ਮਿਤੀ	ਸਮਾਂ
01 ਤੋਂ 90	12-06-2026	9:30 ਵਜੇ
91 ਤੋਂ 170	12-06-2026	11:30 ਵਜੇ
171 ਤੋਂ 274	12-06-2026	12:30 ਵਜੇ

ਅਸੈਬਲੀ ਲੀਡ
-ਕਮ-ਉਪ ਮੰਡਲ ਮੈਜਿਸਟਰੇਟ, ਮੌੜ

ਪਿੱਠ ਅੰਕਣ ਨੰ : 166-168/2026 ਮਿਤੀ : 11/06/2026

ਇਸ ਦਾ ਇਕ ਉਤਾਰਾ -

1) ਮਾਨਯੋਗ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਕਮ ਵਧੀਕ ਜਿਲ੍ਹਾ ਜਨਗਣਨਾ ਅਫ਼ਸਰ, ਬਠਿੰਡਾ ਜੀ ਪਾਸ ਜਾਣਕਾਰੀ ਹਿੱਤ।
2) ਉਪ ਮੰਡਲ ਮੈਜਿਸਟਰੇਟ, ਮੌੜ ਪਾਸ ਸੂਚਨਾ ਹਿੱਤ।
3) ਸੰਬੰਧਿਤ ਕਰਮਚਾਰੀ ਪਾਸ ਪਾਲਣਾ ਹਿੱਤ (ਰਾਹੀ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ./ਐ.ਸਿ., ਬਠਿੰਡਾ)

ਇਕ ਉਤਾਰਾ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.) ਬਠਿੰਡਾ
ਪਿਠ ਅੰਕਣ ਨੰ: ਬੀ.ਏ.ਸੀ./2026/1045 ਮਿਤੀ: 12/06/26
ਇਕ ਦਾ ਉਤਾਰਾ ਸਥਾਨਕ ਸਕੂਲ ਮੁੱਖੀਆਂ ਨੂੰ, ਤਕਨੀਕੀ ਕਿਰਿਆ, ਕਾਰਜ ਹਿੱਤ
ਪੱਤਰ ਵਿੱਚ ਦਰਜ ਕਰਮਚਾਰੀਆਂ ਪਾਸ ਰਾਹੀ ਅਗਲੀ ਕਾਰਵਾਈ ਕਰਾਉਣੀ ਕਰਾਉਣ ਹਿੱਤ।

ਅਸੈਬਲੀ ਲੀਡ
-ਕਮ-ਉਪ ਮੰਡਲ ਮੈਜਿਸਟਰੇਟ, ਮੌੜ

ਨੋਟ - ਪੱਤਰ -